# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਵਾਰਡ ਨੰ: 46 ਵਿੱਚ ਜਲਦ ਹੀ ਲਗੇਗਾ ਨਵਾਂ ਟਿਊਬਵੈਲ.....ਮੇਅਰ ਸ਼ਿਵ ਸੂਦ

## ਮੇਅਰ ਸ਼ਿਵ ਸੂਦ ਨੇ ਵਾਰਡ ਨੰ: 46 ਦੀਆਂ ਮੁਸ਼ਕਿਲਾਂ ਦੀ ਜਾਣਕਾਰੀ ਲਈ

ਹੁਸ਼ਿਆਰਪੁਰ 3 ਜੂਨ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਵਾਰਡ ਨੰ: 46 ਦੇ ਕੌਂਸਲਰ ਅਸ਼ੋਕ ਕਮੁਾਰ ਦੇ ਨਾਲ ਉਹਨਾਂ ਦੇ ਵਾਰਡ ਦੇ ਮੁੱਹਲਾ ਭਗਤ ਨਗਰ ਦਾ ਦੌਰਾ ਕਰਕੇ ਮੁਸ਼ਕਿਲਾਂ ਸਬੰਧੀ ਜਾਣਕਾਰੀ ਹਾਸਲ ਕੀਤੀ। ਕੌਂਸਲਰ ਅਸ਼ੋਕ ਕੁਮਾਰ ਨੇ ਇਸ ਮੌਕੇ ਤੇ ਮੇਅਰ ਸ਼ਿਵ ਸੂਦ ਨੂੰ ਪਾਣੀ ਦੀ ਸਪਲਾਈ ਠੀਕ ਕਰਨ ਅਤੇ ਨਿਊ ਮਾਡਲ ਟਾਊਨ ਦੀ ਗਲੀ ਪੱਕੀ ਕਰਨ ਸਬੰਧੀ ਬੇਨਤੀ ਕੀਤੀ। ਮੇਅਰ ਸ਼ਿਵ ਸੂਦ ਨੇ ਇਸ ਮੌਕੇ ਤੇ ਜਾਣਕਾਰੀ ਦਿਦਿੰਆ ਦਸਿੱਆ ਕਿ ਨਗਰ ਨਿਗਮ ਵੱਲੋਂ ਜਲਦੀ ਹੀ ਵਾਰਡ ਨੰ: 46 ਵਿੱਚ ਪੀਣ ਵਾਲੇ ਪਾਣੀ ਦਾ ਨਵਾਂ ਟਿਊਬਵੈਲ ਲਗਾਇਆ ਜਾ ਰਿਹਾ ਹੈ ਜਿਸ ਦੇ ਲਗਣ ਨਾਲ ਪੀਣ ਵਾਲੇ ਪਾਣੀ ਦੀ ਕੋਈ ਕਮੀ ਨਹੀਂ ਰਹੇਗੀ। ਉਹਨਾਂ ਦਸਿੱਆ ਕਿ ਨਿਊ ਮਾਡਲ ਟਾਊਨ ਦੀ ਗਲੀ ਦਾ ਨਿਰਮਾਨ ਵੀ ਜਲਦ ਹੀ ਕਰਵਾਇਆ ਜਾਵੇਗਾ।ਕੌਂਸਲਰ ਰਮੇਸ਼ ਕੁਮਾਰ ਠਾਕੁਰ, ਵਿਨੋਦ ਪਰਮਾਰ, ਓਮ ਪ੍ਰਕਾਸ਼ ਸੁਬੇਦਾਰ, ਰਾਮ ਕਿਸ਼ਨ, ਗੁਰਮੇਲ ਚੰਦ, ਸਤਨਾਮ ਸਿੰਘ, ਰਤਨ ਲਾਲ, ਸ਼੍ਰੀ ਰਾਮ, ਮਨਜੀਤ ਕੁਮਾਰ ਲਾਲੀ, ਸਰਵਨ ਸਰਪੰਚ, ਚਰਨਜੀਤ ਸੇਠੀ, ਵਿਕਰਾਂਤ ਸ਼ਰਮਾ, ਭੂਸ਼ਨ ਕੁਮਾਰ, ਜੁਗਿੰਦਰ ਪਾਲ, ਪਵਨ ਕੁਮਾਰ ਅਤੇ ਮੁਹੱਲਾ ਨਿਵਾਸੀ ਵੀ ਇਸ ਮੌਕੇ ਤੇ ਹਾਜ਼ਰ ਸਨ।